**Directorate Of Education, GNCT Of Delhi**

**Practice Paper**

**Session: 2024-25**

**Class: ix**

**Subject: Punjabi (004)**

**Duration: 3 hrs** **Maximum Marks: 80**

| ਆਮ ਨਿਰਦੇਸ਼ |
|---|
| ❖ ਸਾਰੇ ਪ੍ਰਸ਼ਨ ਲਾਜ਼ਮੀ ਹਨ।ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ।ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।<br>❖ ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।<br>❖ ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ। |

| ਪ੍ਰਸ਼ਨ | ਭਾਗ-ੳ (ਪੜ੍ਹਨ ਕੌਸ਼ਲ) | ਅੰਕ |
|---|---|---|
| 1. | ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਦੇ ਆਧਾਰ 'ਤੇ ਚੁਣ ਕੇ ਉੱਤਰ ਸ਼ੀਟ ਵਿੱਚ ਦਰਜ ਕਰੋ।<br><br>ਸਫ਼ਾਈ ਦਾ ਮਤਲਬ 'ਸਾਫ਼ ਹੋਣ ਦੀ ਅਵਸਥਾ' ਹੈ। ਇਹ ਇੱਕ ਅਜਿਹੀ ਆਦਤ ਹੈ ਜਿਸਨੂੰ ਜ਼ਬਰਦਸਤੀ ਨਹੀਂ ਬਲਕਿ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਸਫ਼ਾਈ ਇੱਕ ਚੰਗੀ ਆਦਤ ਹੈ,ਜੋ ਕਿਸੇ ਦੇ ਜੀਵਨ ਦੀ ਗੁਣਵੱਤਾ ਨੂੰ ਵਧਾ ਸਕਦੀ ਹੈ। ਹਰੇਕ ਕਿਸਮ ਦੀ ਸਫ਼ਾਈ ਦਾ ਬਰਾਬਰ ਮਹੱਤਵ ਹੈ। ਸੱਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮਾਪਿਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਸ਼ੁਰੂ ਤੋਂ ਹੀ ਇਸ ਆਦਤ ਬਾਰੇ ਉਤਸ਼ਾਹਤ ਕਰਨਾ ਚਾਹੀਦਾ ਹੈ,ਜੋ ਸਫ਼ਾਈ ਪ੍ਰਤੀ ਜਾਗਰੂਕਤਾ ਨੂੰ ਯਕੀਨੀ ਬਣਾਏਗਾ। ਇਸ ਨੂੰ ਪੂਰਾ ਕਰਨਾ ਕੋਈ ਔਖਾ ਕੰਮ ਨਹੀਂ ਹੈ ਬਲਕਿ ਸਫ਼ਾਈ ਰੱਖਣਾ ਕਾਫ਼ੀ ਆਸਾਨ ਹੈ। ਸਫ਼ਾਈ ਨਾਲ ਸਮਝੌਤਾ ਕਰਨ ਦੀ ਗਲਤੀ ਕਦੇ ਨਹੀਂ ਕਰਨੀ ਚਾਹੀਦੀ। ਇਹ ਮਨੁਖਾਂ ਅਤੇ ਜਾਨਵਰਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਜ਼ਰੂਰੀ ਹੈ।ਇਸ ਤੋਂ ਇਲਾਵਾ ਇਹ ਕਿਸੇ ਵੀ ਵਾਇਰਸ ਜਾਂ ਬੈਕਟੀਰੀਆ ਦੇ ਸਾਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਨੂੰ ਘੱਟ ਕਰਦਾ ਹੈ। ਜਦੋਂ ਤੁਸੀਂ ਸਾਫ਼ ਰਹਿੰਦੇ | 1x6=6 |

| | | |
|---|---|---|
| | ਹੋ ਅਤੇ ਵਾਤਾਵਰਨ ਨੂੰ ਸਾਫ਼ ਰੱਖਦੇ ਹੋ ਤਾਂ ਤੁਹਾਡੇ ਬਿਮਾਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਤੁਸੀਂ ਚੰਗੀ ਸਿਹਤ ਦਾ ਆਨੰਦ ਲੈ ਸਕਦੇ ਹੋ ਅਤੇ ਇੱਕ ਸਰਗਰਮ ਜੀਵਨ ਸ਼ੈਲੀ ਅਪਣਾ ਸਕਦੇ ਹੋ। ਇਹ ਤੁਹਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖੇਗਾ ਅਤੇ ਤੁਹਾਡੀ ਉਮਰ ਨੂੰ ਵਧਾਏਗਾ। ਇਸੇ ਤਰ੍ਹਾਂ ਸਾਡੇ ਆਲੇ-ਦੁਆਲੇ ਦੀ ਸਫ਼ਾਈ ਦਾ ਮਤਲਬ ਸੁੰਦਰਤਾ ਅਤੇ ਤੰਦਰੁਸਤੀ ਵਿੱਚ ਵਾਧਾ ਹੈ। ਇਹ ਨਾ ਸਿਰਫ਼ ਜਗ੍ਹਾ ਨੂੰ ਸੁੰਦਰ ਬਣਾਏਗਾ ਬਲਕਿ ਇਸਨੂੰ ਵਧੇਰੇ ਆਕਰਸ਼ਕ ਵੀ ਬਣਾਏਗਾ। ਸਫ਼ਾਈ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਸਫ਼ਾਈ ਕਿਸੇ ਲਈ ਵੀ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਇਹ ਵਾਤਾਵਰਨ ਦੇ ਵਿਕਾਸ ਲਈ ਵੀ ਜ਼ਰੂਰੀ ਹੈ।<br><br>i) ਪ੍ਰ੦- ਸਫ਼ਾਈ ਦੀ ਆਦਤ ਨੂੰ ਜ਼ਬਰਦਸਤੀ ਨਹੀਂ ਥੋਪਿਆ ਜਾ ਸਕਦਾ ਬਲਕਿ-<br>ੳ) ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।<br>ਅ) ਜ਼ੁਰਮਾਨਾ ਲਗਾਉਣਾ ਚਾਹੀਦਾ ਹੈ।<br>ੲ) ਮਰਜ਼ੀ ਉੱਤੇ ਛੱਡ ਦੇਣਾ ਚਾਹੀਦਾ ਹੈ।<br>ਸ) ਗੰਦ ਵਿੱਚ ਬੈਠੇ ਰਹਿਣ ਦੇਣਾ ਚਾਹੀਦਾ ਹੈ।<br><br>ii) ਪ੍ਰ੦- ਸਫ਼ਾਈ ਕਿਸ ਦੀ ਗੁਣਵੱਤਾ ਨੂੰ ਵਧਾ ਸਕਦੀ ਹੈ?<br>ੳ) ਦੋਸਤੀ ਦੀ ਅ) ਪੜ੍ਹਾਈ ਦੀ<br>ੲ) ਜੀਵਨ ਦੀ ਸ) ਘਰ ਦੀ<br><br>iii) ਪ੍ਰ੦- ਕਿਸ ਨਾਲ ਸਮਝੌਤਾ ਕਰਨ ਦੀ ਗਲਤੀ ਕਦੇ ਨਹੀਂ ਕਰਨੀ ਚਾਹੀਦੀ?<br>ੳ) ਰਿਸ਼ਤੇਦਾਰਾਂ ਨਾਲ<br>ਅ) ਸਫ਼ਾਈ ਨਾਲ<br>ੲ) ਅਜਨਬੀਆਂ ਨਾਲ<br>ਸ) ਨੌਕਰੀ ਨਾਲ<br><br>iv) ਪ੍ਰ੦- ਵਾਤਾਵਰਨ ਨੂੰ ਸਾਫ਼ ਰੱਖਣ ਨਾਲ ਕਿਸਦੀ ਸੰਭਾਵਨਾ ਘੱਟ ਹੁੰਦੀ ਹੈ?<br>ੳ) ਉਦਾਸ ਹੋਣ ਦੀ<br>ਅ) ਪੱਤੇ ਖਿਲਰਨ ਦੀ<br>ੲ) ਲੜਾਈਆਂ ਹੋਣ ਦੀ<br>ਸ) ਬਿਮਾਰ ਹੋਣ ਦੀ<br><br>v) ਪ੍ਰ੦- ਸਫ਼ਾਈ ਰੱਖਣ ਨਾਲ ਜਗ੍ਹਾ ਕਿਵੇਂ ਦੀ ਬਣ ਜਾਂਦੀ ਹੈ?<br>ੳ) ਅਕਾਊ<br>ਅ) ਤਿਲਕਣੀ | |

| | | |
|---|---|---|
| | ੲ) ਆਕਰਸ਼ਕ<br>ਸ) ਪੱਧਰੀ<br>vi) ਪ੍ਰ0- ਸਫ਼ਾਈ ਕਿਹਨਾਂ ਨੂੰ ਆਕਰਸ਼ਿਤ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ?<br>ੳ) ਸੈਲਾਨੀਆਂ ਨੂੰ<br>ਅ) ਮੱਖੀਆਂ ਨੂੰ<br>ੲ) ਬਿਮਾਰੀਆਂ ਨੂੰ<br>ਸ) ਪ੍ਰਦੂਸ਼ਣ ਨੂੰ | |
| 2. | ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਉੱਤਰ ਸ਼ੀਟ ਵਿੱਚ ਦਰਜ ਕਰੋ।<br><br>ਚੰਨ-ਸਿਤਾਰੇ ਅੰਬਰ ਉੱਤੇ,<br>ਬਹਿ ਕੇ ਕਰਨ ਵਿਚਾਰਾਂ।<br>ਇਧਰੋਂ ਛੱਡੀ ਆਤਸ਼ਬਾਜੀ,<br>ਉੱਪਰ ਉੱਡਦੀ ਜਾਵੇ।<br>ਕਹਿੰਦੇ ਯਾਰੋ ਨਾ ਚਲਾਓ,<br>ਬੰਬ-ਪਟਾਕੇ ਜ਼ਹਿਰੀ।<br>ਐਵੇਂ ਧਰਤੀ ਉੱਤੇ ਕਾਹਤੋਂ,<br>ਪ੍ਰਦੂਸ਼ਣ ਹੋਰ ਵਧਾਉਂਦੇ।<br><br>i) ਪ੍ਰ0- ਅੰਬਰ ਉੱਤੇ ਬਹਿ ਕੇ ਕੌਣ ਵਿਚਾਰ ਕਰ ਰਿਹਾ ਹੈ?<br>ii) ਪ੍ਰ0- ਉੱਪਰ ਨੂੰ ਕੀ ਉੱਡਦਾ ਜਾ ਰਿਹਾ ਹੈ?<br>iii) ਪ੍ਰ0- ਬੰਬ-ਪਟਾਕੇ ਕਿਹੋ ਜਿਹੇ ਹੁੰਦੇ ਹਨ?<br>iv) ਪ੍ਰ0- ਧਰਤੀ ਉੱਤੇ ਕੀ ਨਾ ਵਧਾਉਣ ਲਈ ਕਿਹਾ ਗਿਆ ਹੈ? | 1x4=4 |
| | **ਭਾਗ-ਅ (ਵਿਆਕਰਨ)** | |
| 3. | ਵਿਰੋਧੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) 'ਆਪਣਾ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਆਪਾ ਅ) ਪਰਾਇਆ<br>ੲ) ਅਪਣੱਤ ਸ) ਦੂਜਾ<br>ii) 'ਹਾਜ਼ਰ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਬੇਹਾਜ਼ਰ ਅ) ਹਾਜ਼ਰੀ<br>ੲ) ਹਾਜ਼ਰੀਨ ਸ) ਗੈਰਹਾਜ਼ਰ | 1x2=2 |

| | | |
|---|---|---|
| | iii) 'ਅਸਲੀ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਸੁੱਚਾ ਅ) ਨਕਲੀ<br>ੲ) ਅਸਲ ਸ) ਸਹੀ | |
| 4. | ਲਿੰਗ ਬਦਲੋ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਬਾਜੀਗਰਨੀ' ਸ਼ਬਦ ਦਾ ਪੁਲਿੰਗ ਸ਼ਬਦ ਹੈ?<br>ੳ) ਬਾਜੀ ਅ) ਬਾਜੀਗਰੀ<br>ੲ) ਬਾਜੀਗਰ ਸ) ਬਾਜ<br>ii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਲਾੜਾ' ਸ਼ਬਦ ਦਾ ਇਸਤਰੀਲਿੰਗ ਸ਼ਬਦ ਹੈ?<br>ੳ) ਲਾੜੇ ਅ) ਲੜਨ<br>ੲ) ਲੜੀ ਸ) ਲਾੜੀ<br>iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਘੋੜਾ' ਸ਼ਬਦ ਦਾ ਇਸਤਰੀ ਲਿੰਗ ਸ਼ਬਦ ਹੈ?<br>ੳ) ਘੁੜਸਵਾਰ ਅ) ਘੋੜੀ<br>ੲ) ਘੋੜੇ ਸ) ਘੁੜਨਾ | 1x2=2 |
| 5. | ਵਿਸਮਿਕ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਜਿਹੜੇ ਸ਼ਬਦ ਕਿਸੇ ਨੂੰ ਸੁਚੇਤ ਕਰਨ ਲਈ ਵਰਤੇ ਜਾਣ ਉਹਨਾਂ ਨੂੰ ਕਿਹੜੇ ਵਿਸਮਿਕ ਆਖਦੇ ਹਨ?<br>ੳ) ਸੂਚਨਾਵਾਚਕ ਅ) ਸੰਬੋਧਨੀ<br>ੲ) ਹੈਰਾਨੀਵਾਚਕ ਸ) ਸਤਿਕਾਰਵਾਚਕ<br>ii) ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਪ੍ਰਸ਼ੰਸਾਵਾਚਕ ਵਿਸਮਿਕ ਦਾ ਉਦਾਹਰਨ ਹੈ?<br>ੳ) ਉਫ਼ ਅ) ਕਾਸ਼<br>ੲ) ਬੱਲੇ ਸ) ਵੇਖੀਂ<br>iii) 'ਭਲਾ ਹੋਵੇ' ਹੇਠ ਲਿਖੇ ਅਨੁਸਾਰ ਕਿਸ ਵਿਸਮਿਕ ਦੀ ਸਹੀ ਉਦਾਹਰਨ ਹੈ?<br>ੳ) ਫਿਟਕਾਰਵਾਚਕ ਅ) ਇੱਛਾਵਾਚਕ<br>ੲ) ਸ਼ੋਕਵਾਚਕ ਸ) ਅਸੀਸਵਾਚਕ | 1x2=2 |
| 6. | ਸ਼ਬਦ ਸ਼ੁੱਧੀ<br>ਹੇਠ ਦਿੱਤੇ ਵਾਕਾਂ ਵਿੱਚੋਂ ਲਕੀਰੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ। (ਕੋਈ ਦੋ)<br>i) ਮੇਹਨਤ ਕਰਨ ਨਾਲ ਸਫ਼ਲਤਾ ਜ਼ਰੂਰ ਮਿਲਦੀ ਹੈ। | 1x2=2 |

| | | |
|---|---|---|
| | ii) ਵੱਡਿਆਂ ਦਾ ਸੱਤਕਾਰ ਕਰਨਾ ਚਾਹੀਦਾ ਹੈ।<br>iii) ਸ਼ੇਰ ਜਨਗਲ ਵਿੱਚ ਰਹਿੰਦਾ ਹੈ। | |
| 7. | ਕਿਰਿਆ (ਛੋਟੇ ਉੱਤਰ ਵਾਲੇ ਪ੍ਰਸ਼ਨ) (ਕੋਈ ਦੋ)<br>i) ਕਿਰਿਆ ਕਿਸਨੂੰ ਆਖਦੇ ਹਨ?<br>ii) ਅਕਰਮਕ ਕਿਰਿਆ ਦੀ ਕੋਈ ਇੱਕ ਉਦਾਹਰਨ ਲਿਖੋ?<br>iii) ਜਸਦੀਪ ਕਿਤਾਬ ਪੜ੍ਹਦਾ ਹੈ। ਕਿਰਿਆ ਦੀ ਕਿਹੜੀ ਕਿਸਮ ਹੈ? | 1x2=2 |
| 8. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਉਬਾਲ ਕੱਢਣਾ, ਅੱਖਾਂ ਵਿੱਚ ਰੜਕਣਾ, ਈਨ ਮੰਨਣਾ, ਸੁੱਖ ਦੀ ਨੀਂਦ ਸੌਣਾ | 1x2=2 |
| | **ਭਾਗ-ਏ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)** | |
| 9. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ‘ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।<br>i) ਦਿੱਲੀ ਮੈਟਰੋ<br>(ਜਾਣ-ਪਛਾਣ ------------ ਦਿੱਲੀ ਵਿੱਚ ਮੈਟਰੋ ---------- ਮੈਟਰੋ ਦੀਆਂ ਕਈ ਲਾਈਨਾਂ -------- ਮੈਟਰੋ ਵਿਸਥਾਰ ------------- ਸੁਵਿਧਾਜਨਕ ਸਫ਼ਰ -------- ਪ੍ਰਦੂਸ਼ਣ ਰਹਿਤ --------- ਮਹਾਂਨਗਰ ਦੀ ਲੋੜ ------------- ਸਮੇਂ ਦੀ ਬੱਚਤ ------- ਸਿੱਟਾ -------)<br>ii) ਤੰਦਰੁਸਤੀ<br>(ਜਾਣ-ਪਛਾਣ ----------- ਤੰਦਰੁਸਤੀ ਇੱਕ ਖਜ਼ਾਨਾ ----- ਰੋਗ ਨਾਲ ਪਰੇਸ਼ਾਨੀਆਂ --------- ਸਹੀ ਖੁਰਾਕ ਤੇ ਕਸਰਤ ---------- ਨਸ਼ਿਆਂ ਤੋਂ ਦੂਰੀ ------------ ਪ੍ਰਸੰਨ ਮਨ ----------- ਸਮੇਂ-ਸਮੇਂ ‘ਤੇ ਡਾਕਟਰੀ ਸਲਾਹ ------ਸਿੱਟਾ -------------)<br>iii) ਸੰਚਾਰ ਦੇ ਸਾਧਨ<br>(ਜਾਣ-ਪਛਾਣ------------ ਸੰਚਾਰ ਤੋਂ ਭਾਵ ------ --- ਸੰਚਾਰ ਦੀ ਸਮੱਸਿਆ ------------ ਵਿਗਿਆਨਕ ਤਰੱਕੀ -------- ਨਵੇਂ ਸੰਚਾਰ ਦੇ ਸਾਧਨ ------------- ਸਮੇਂ ਦੀ ਬੱਚਤ ---------- ਸੁਵਿਧਾਜਨਕ ਇਸਤੇਮਾਲ ---------ਸਿੱਟਾ----------) | 8 |
| 10. | ਆਪਣੇ ਸਕੂਲ ਮੁਖੀ ਨੂੰ ਆਪਣੇ ਭਰਾ ਦੇ ਵਿਆਹ ਲਈ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।<br>(ਸੰਬੋਧਨੀ ਸ਼ਬਦ -------- ਭਰਾ ਦਾ ਵਿਆਹ ਤੈਅ ਹੋਣਾ ------- ਭਰਾ ਦੇ ਵਿਆਹ ਦਾ ਚਾਅ ---------- ਛੁੱਟੀ ਲਈ ਬੇਨਤੀ ਕਰਨਾ -------------- ਛੁੱਟੀ ਮਿਲਣ ਦੀ ਉਮੀਦ ---------)<br>ਜਾਂ | 6 |

| | | |
|---|---|---|
| | ਆਪਣੇ ਮਿੱਤਰ/ਸਹੇਲੀ ਨੂੰ ਜਮਾਤ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋਣ 'ਤੇ ਵਧਾਈ ਪੱਤਰ ਲਿਖੋ।<br>( ਨਤੀਜਾ ਘੋਸ਼ਿਤ ਹੋਣਾ ------------- ਨਤੀਜਾ ਦੇਖ ਕੇ ਖੁਸ਼ੀ -------- ਵਧਾਈ ਦੇਣਾ -------------- ਮਿਲਣ ਆਉਣ ਦਾ ਸੋਚਣਾ --------- ਭਵਿੱਖ ਲਈ ਸ਼ੁੱਭਕਾਮਨਾਵਾਂ ------------) | |
| 11 | ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ।<br><br>**ਨੋਟ- ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ।**<br>'ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟ' ਵਿਸ਼ੇ ਬਾਰੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ। | 4 |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 12 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਤਾਇਆ ਮਨਸਾ ਰਾਮ ਨੇ ਕਿਸ ਨੂੰ ਹਮੇਸ਼ਾ ਗਲ਼ ਨਾਲ ਲਾ ਕੇ ਰੱਖਿਆ?<br>ੳ) ਵਹਿਮਾਂ ਨੂੰ ਅ) ਜੁਆਕ ਨੂੰ | 1x5=5 |

| | | | |
|---|---|---|---|
| | ੲ) ਥਰਮਾਮੀਟਰ ਨੂੰ ਸ) ਬੱਕਰੀ ਨੂੰ<br>ii) ਲੇਖਕ ਨੇ ਭੇਰਾ ਕਿੰਨੇ ਸਾਲ ਪਹਿਲਾਂ ਦੇਖਿਆ ਸੀ?<br>ੳ) ਦਸ ਅ) ਵੀਹ<br>ੲ) ਚਾਲੀ ਸ) ਪੰਜ<br>iii) ਪਰਿਵਾਰ ਦੇ ਮਾਹੌਲ ਨੂੰ ਖੁਸ਼ਗਵਾਰ ਕਿਵੇਂ ਬਣਾਇਆ ਜਾ ਸਕਦਾ ਹੈ?<br>ੳ) ਰਿਸ਼ਤੇਦਾਰ ਬੁਲਾ ਕੇ ਅ) ਬਾਹਰ ਘੁੰਮ ਕੇ<br>ੲ) ਸਮੱਸਿਆ ਦਾ ਹੱਲ ਕਰਕੇ ਸ) ਵੱਡਾ ਘਰ ਬਣਾ ਕੇ<br>iv) ਮੰਤਰੀ ਜਵਾਲਾ ਪ੍ਰਸ਼ਾਦ ਦਾ ਜਨਮ ਦਿਨ ਕੌਣ ਮਨਾ ਰਿਹਾ ਸੀ?<br>ੳ) ਸਕੂਲ ਅ) ਨਾਗਰਿਕ ਸਭਾ<br>ੲ) ਜੁਗਲ ਪ੍ਰਸ਼ਾਦ ਦਾ ਪਰਿਵਾਰ ਸ) ਮੁਹੱਲੇ ਦੇ ਬੱਚੇ<br>v) ਸਾਰਾ ਪਿੰਡ ਕਿਸ ਨੂੰ ਕੋਸ ਰਿਹਾ ਸੀ?<br>ੳ) ਕਪੂਰ ਸਿੰਘ ਨੂੰ ਅ) ਦਰਬਾਰੇ ਨੂੰ<br>ੲ) ਪੰਚਾਇਤ ਨੂੰ ਸ) ਸਰਪੰਚ ਨੂੰ<br>vi) ਬਸ ਕੰਡਕਟਰ ਨੇ ਕਿਸ ਤੋਂ ਟਿਕਟ ਦੇ ਪੈਸੇ ਲੈਣ ਤੋਂ ਮਨਾ ਕਰ ਦਿੱਤਾ?<br>ੳ) ਬੁੱਢੀ ਮਾਈ ਤੋਂ ਅ) ਪਾਲੀ ਤੋਂ<br>ੲ) ਛੋਟੇ ਬੱਚੇ ਤੋਂ ਸ) ਬੁੱਢੇ ਆਦਮੀ ਤੋਂ | | |
| 13 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਪਹਿਲਵਾਨ ਕਿੱਥੇ ਗੱਜ ਰਹੇ ਹਨ?<br>ੳ) ਘਰ ਵਿੱਚ ਅ) ਖੇਤ ਵਿੱਚ<br>ੲ) ਮੈਦਾਨ ਵਿੱਚ ਸ) ਛਿੰਝ ਵਿੱਚ<br>ii) ਕਵੀ ਦੇਸ ਅੰਦਰ ਕਿਸ ਨੂੰ ਮਾਣ ਦਿਲਾਉਣਾ ਚਾਹੁੰਦਾ ਹੈ?<br>ੳ) ਪੰਜਾਬੀ ਕਵਿਤਾ ਨੂੰ ਅ) ਪੰਜਾਬੀ ਪੁਸਤਕਾਂ ਨੂੰ<br>ੲ) ਪੰਜਾਬੀ ਭਾਸ਼ਾ ਨੂੰ ਸ) ਪੰਜਾਬ ਦੇ ਪਿੰਡਾਂ ਨੂੰ<br>iii) ਮਾਤਾ ਗੁਜਰੀ ਜੀ ਨੂੰ ਉਹਨਾਂ ਦੇ ਪੋਤੇ ਕੀ ਪੁੱਛਦੇ ਸਨ?<br>ੳ) ਘਰ ਕਦ ਜਾਣਾ ਅ) ਪਿਤਾ ਜੀ ਕੋਲ ਕਦ ਜਾਣਾ<br>ੲ) ਰਾਜੇ ਕੋਲ ਕਦ ਜਾਣਾ ਸ) ਮਾਤਾ ਜੀ ਕੋਲ ਕਦ ਜਾਣਾ<br>iv) ਪੁਲਿਸ ਕਿਸਦੇ ਪਿੱਛੇ ਲੱਗੀ ਹੋਈ ਸੀ?<br>ੳ) ਹਰੀ ਚੰਦ ਅ) ਕਿਸ਼ੋਰ<br>ੲ) ਰਾਮ ਪਿਆਰੀ ਸ) ਮਦਨ<br>v) ਅੰਤ ਵਿੱਚ ਸਿਰਜਨਾ ਦਾ ਸਾਥ ਕੌਣ ਦਿੰਦਾ ਹੈ?<br>ੳ) ਬੀਜੀ ਅ) ਕੁਲਦੀਪ<br>ੲ) ਡਾਕਟਰ ਸ) ਨਰਸ | 1x5=5 |

| | | |
|---|---|---|
| | vi) ਸਿਰਜਨਾ, ਕੁਲਦੀਪ ਨੂੰ ਫ਼ੋਨ ਕਿਉਂ ਕਰਦੀ ਹੈ?<br>ੳ) ਘਰ ਜਲਦੀ ਆਉਣ ਲਈ ਅ) ਸ਼ਿਕਾਇਤ ਕਰਨ ਲਈ<br>ੲ) ਸਮਾਨ ਲਿਆਉਣ ਲਈ ਸ) ਸਲਾਹ ਲੈਣ ਲਈ | |
| 14 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ)<br>i) ਜੋਤੀ ਕਿਹੋ ਜਿਹਾ ਵਿਦਿਆਰਥੀ ਸੀ?<br>ii) ਪਾਲੀ ਕਿਸ ਦੇ ਮੁਸ਼ਕਿਲ ਨਾਲ ਗੁਜ਼ਾਰਾ ਚੱਲਣ ਬਾਰੇ ਸੋਚਦੀ ਹੈ?<br>iii) ਮੁੜ ਵੇਖਿਆ ਪਿੰਡ' ਪਾਠ ਦਾ ਲੇਖਕ ਕੌਣ ਹੈ?<br>iv) ਮਨੁੱਖ ਨੂੰ ਵੱਡੀਆਂ ਖੁਸ਼ੀਆਂ ਕਿਵੇਂ ਮਿਲ ਸਕਦੀਆਂ ਹਨ?<br>v) ਘਰ ਦੀ ਤੰਗੀ ਕਾਰਨ ਬੇਬੇ ਜੀ ਨੇ ਲੇਖਕ ਨੂੰ ਕਿੱਥੇ ਭੇਜਿਆ? | 1x4=4 |
| 15 | ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਉ)<br>i) ਤਨਖਾਹ ਵਧਣ 'ਤੇ ਜੁਗਲ ਪ੍ਰਸ਼ਾਦ ਕੀ ਕਰਨਾ ਚਾਹੁੰਦਾ ਸੀ?<br>ii) ਕਪੂਰ ਸਿੰਘ ਦੁਚਿੱਤੀ ਵਿੱਚ ਕਿਉਂ ਪੈ ਗਿਆ?<br>iii) ਪਾਲੀ ਨੂੰ ਬਸ ਵਿੱਚ ਸਫ਼ਰ ਕਿਉਂ ਕਰਨਾ ਪੈ ਰਿਹਾ ਸੀ?<br>iv) ਲੇਖਕ ਭੇਰੇ ਬਾਰੇ ਕਿਹੋ ਜਿਹਾ ਵਰਣਨ ਕਰਦਾ ਹੈ?<br>v) ਅੱਜ-ਕਲ ਕਈ ਪਰਿਵਾਰਾਂ ਦਾ ਮਾਹੌਲ ਕਿਸ ਤਰ੍ਹਾਂ ਦਾ ਹੈ?<br>vi) ਬੇਬੇ ਜੀ ਦੇ ਘਰੋਂ ਜਾਣ 'ਤੇ ਲੇਖਕ ਨੂੰ ਕਿਵੇਂ ਮਹਿਸੂਸ ਹੁੰਦਾ ਸੀ?<br>vii) ਮਦਨ ਆਪਣੀ ਮਾਸੀ ਨੂੰ ਕੀ ਦੱਸਦਾ ਹੈ?<br>viii) ਸਿਰਜਣਾ ਆਪਣੀ ਸੱਸ ਦੀ ਕਿਹੜੀ ਗੱਲ ਨਾਲ ਸਹਿਮਤ ਨਹੀਂ ਹੈ? | 2x7= 14 |
| 16 | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਦਿਉ)<br>i) 'ਸਮਾਂ' ਕਵਿਤਾ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?<br>ਜਾਂ<br>ਕਵੀ ਅਨੁਸਾਰ ਨਵੀਂ ਤਹਿਜ਼ੀਬ ਕਿਸ ਤਰ੍ਹਾਂ ਦੀ ਹੈ?<br>ii) ਸਾਰਾ ਮੁਹੱਲਾ ਤਾਇਆ ਮਨਸਾ ਰਾਮ ਦੀ ਪਿੱਠ ਪਿੱਛੇ ਕੀ ਕਹਿੰਦਾ ਹੈ?<br>ਜਾਂ<br>ਖੁਸ਼ੀਆਂ ਆਪੇ ਕਿਉਂ ਨਹੀਂ ਆਉਂਦੀਆਂ? | 4x2=8 |
| 17 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।<br>i) 'ਮੋਨਧਾਰੀ' ਇਕਾਂਗੀ ਦੇ ਸਾਧੂ ਦਾ ਪਾਤਰ-ਚਿਤਰਨ ਕਰੋ।<br>ii) "ਇਕੱਲੀ ਰਹਿ ਜਾਏਂਗੀ, ਇਕੱਲੀ।" 'ਸਿਰਜਣਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਿਉਂ ਕਹੇ? | 4x1=4 |